# 'ਵਣਜਾਰਾ ਬੇਦੀ ਪੰਜਾਬੀ ਸਾਹਿਤ ਜਗਤ ਦਾ 'ਬੇਸ਼ਕੀਮਤੀ ਹੀਰਾ' ਸੀ, ਜਿਸ ਨੇ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਰਾਹੀਂ ਪੰਜਾਬੀ ਸਾਹਿਤ ਨੂੰ ਅਮੀਰੀ ਬਖ਼ਸ਼ੀ'

ਨਵੀਂ ਦਿੱਲੀ, 15 ਦਸੰਬਰ (ਅਮਨਦੀਪ ਸਿੰਘ): ਪੰਜਾਬੀ ਦੇ ਪ੍ਰਸਿੱਧ ਵਿਦਵਾਨ ਸੋਹਿੰਦਰ ਸਿੰਘ-ਵਣਜਾਰਾ ਬੇਦੀ ਦੀ ਜਨਮ ਸ਼ਤਾਬਦੀ ਮਨਾਉਂਦਿਆਂ ਸਾਹਿਤ ਅਕਾਦਮੀ ਵਲੋਂ ਕਰਵਾਏ ਗਏ ਦੋ ਦਿਨਾਂ ਸੈਮੀਨਾਰ ਵਿਚ ਵਿਦਵਾਨਾਂ ਤੇ ਬੁਲਾਰਿਆਂ ਨੇ ਵਣਜਾਰਾ ਬੇਦੀ ਨੂੰ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਤੇ ਹੋਰ ਲਿਖਤਾਂ ਰਾਹੀਂ ਪੰਜਾਬੀ ਸਾਹਿਤ ਦੀ ਝੋਲੀ ਭਰਨ ਵਾਲਾ 'ਬੇਸ਼ਕੀਮਤੀ ਹੀਰਾ' ਐਲਾਨਿਆ।

**ਜਨਮ ਸ਼ਤਾਬਦੀ ਸੈਮੀਨਾਰ ਵਿਚ ਵਣਜਾਰਾ ਬੇਦੀ ਦੀ ਸਾਹਿਤਕ ਘਾਲਣਾ ਨੂੰ ਉਭਾਰਿਆ**

ਅੱਜ ਇਥੋਂ ਦੇ ਪੰਜਾਬੀ ਭਵਨ, ਆਈ.ਟੀ.ਓ. ਵਿਖੇ ਸੈਮੀਨਾਰ ਦੇ ਅਖ਼ੀਰਲੇ ਦਿਨ ਦਿੱਲੀ ਯੂਨੀਵਰਸਟੀ ਦੇ ਪੰਜਾਬੀ ਮਹਿਕਮੇ ਦੇ ਸਾਬਕਾ ਮੁਖੀ ਪ੍ਰੋ.ਡਾ.ਮਨਜੀਤ ਸਿੰਘ ਨੇ ਕਿਹਾ, "ਵਣਜਾਰਾ ਬੇਦੀ ਨੇ ਅੰਗ੍ਰੇਜ਼ਾਂ ਦੀ ਬਸਤੀਵਾਦੀ ਸੋਚ ਤੋਂ ਉਲਟ ਲੋਕਧਾਰਾ ਦਾ ਕਾਰਜ ਅਰੰਭ ਕੇ, ਪੰਜਾਬੀ ਦੀ ਝੋਲੀ ਹੀ ਨਹੀਂ ਭਰੀ, ਸਗੋਂ ਉਨ੍ਹਾਂ ਆਪਣੇ ਤਜ਼ਰਬਿਆਂ ਨਾਲ ਲੋਕ ਬਾਤਾਂ ਇਕੱਠੀਆਂ ਕਰ ਕੇ, ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ।" ਇਸ ਮੌਕੇ ਪੰਜਾਬੀ ਖੋਜਾਰਥੀ ਤੇ ਹੋਰ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ।




ਵਣਜਾਰਾ ਬੇਦੀ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਪ੍ਰੋ.ਮਨਜੀਤ ਸਿੰਘ, ਨਾਲ ਬਲਬੀਰ ਮਾਧੋਪੁਰੀ, ਮੋਹਨ ਤਿਆਗੀ, ਡਾ.ਸਿਮਰਨ ਕੌਰ ਸੇਠੀ ਅਤੇ ਹੇਠਾਂ ਹਾਜ਼ਰ ਸਰੋਤੇ।

ਵਣਜਾਰਾ ਬੇਦੀ ਦੇ ਸਪੁੱਤਰ ਜਤਿੰਦਰ ਸਿੰਘ ਬੇਦੀ ਨੇ ਜਜ਼ਬਾਤੀ ਲਹਿਜੇ ਵਿਚ ਆਪਣੇ ਪਿਤਾ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਉਹ ਆਪਣੇ ਪਿਤਾ ਦਾ ਅਣਛੱਪਿਆ ਕੰਮ ਸਾਹਮਣੇ ਲਿਆਉਣ ਲਈ ਕਾਰਜ ਕਰਨਗੇ।

ਡਾ.ਸਿਮਰਨ ਕੌਰ ਸੇਠੀ ਨੇ 'ਵਣਜਾਰਾ ਬੇਦੀ ਸੰਗ ਤੁਰਦਿਆਂ' ਪਰਚਾ ਪੇਸ਼ ਕਰਦਿਆਂ ਵਣਜਾਰਾ ਬੇਦੀਆਂ ਦੀਆਂ ਕਹਾਣੀਆਂ ਵਿਚਲੇ ਪਾਤਰ ਤੇ ਉਨ੍ਹਾਂ ਰਾਹੀਂ ਮਨੁੱਖੀ ਮਨ ਦੀਆਂ ਗੁੰਝਲਾਂ/ ਅਸਰਾਂ ਨੂੰ ਕਹਾਣੀਆਂ ਦੇ ਢੁੱਕਵੇਂ ਪ੍ਰਸੰਗਾਂ ਰਾਹੀਂ ਬਿਆਨਿਆ।

ਡਾ.ਮੋਹਨ ਤਿਆਗੀ ਨੇ ਕਿਹਾ, "ਵਣਜਾਰਾ ਬੇਦੀ ਬਹੁਤ ਹੀ ਸੂਖ਼ਮਭਾਵੀ ਇਨਸਾਨ ਸਨ, ਜਿਨ੍ਹਾਂ ਦਾ ਜੀਵਨ ਸੰਘਰਸ਼ ਮਈ ਰਿਹਾ। ਉਨ੍ਹਾਂ ਦੀ ਕਵਿਤਾ ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਪ੍ਰੋ.ਮੋਹਨ ਸਿੰਘ, ਬਾਵਾ ਬਲਵੰਤ, ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਵਰਗੇ ਵੱਡੇ ਕਵੀਆਂ ਦੀ ਕਵਿਤਾ ਨਾਲੋਂ ਇਸ ਪੱਖੋਂ ਵੱਖ ਹੈ ਕਿਉਂਕਿ ਇਨ੍ਹਾਂ ਵਿਚ ਮਨੁੱਖਤਾ ਦਾ ਪੱਖ ਭਾਰੂ ਹੈ।"

ਮਨਜਿੰਦਰ ਸਿੰਘ ਨੇ 'ਵਣਜਾਰਾ ਬੇਦੀ ਦੀ ਭਾਸ਼ਾ ਸ਼ੈਲੀ', ਰਣਧੀਰ ਕੌਰ ਨੇ 'ਵਣਜਾਰਾ ਬੇਦੀ ਦੁਆਰਾ ਸੰਕਲਿਤ ਪੋਠੋਹਾਰੀ ਕਹਾਣੀਆਂ ਵਿਚ ਸਾਹਿਤਕ ਅਤੇ ਸੋਸ਼ਲ ਧੁਨੀਆਂ ਦਾ ਵਿਸ਼ਲੇਸ਼ਣ', ਮਨਪ੍ਰੀਤ ਕੌਰ ਧਾਲੀਵਾਲ ਨੇ 'ਵਣਜਾਰਾ ਬੇਦੀ ਦੀ ਸਵੈ-ਜੀਵਨੀ ਵਿਚ ਸਿਮ੍ਰਤੀਆਂ ਦੀ ਗਾਥਾ' ਪਰਚੇ ਪੇਸ਼ ਕੀਤੇ।

ਧਨਵਾਦੀ ਸ਼ਬਦ ਸਾਂਝੇ ਕਰਦਿਆਂ ਪੰਜਾਬੀ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਕਿਹਾ ਕਿ ਜਦ ਉਨ੍ਹਾਂ ਵਣਜਾਰਾ ਬੇਦੀ ਦੀਆਂ ਜੀਵਨੀਆਂ ਪੜ੍ਹੀਆਂ ਸਨ, ਉਦੋਂ ਮਨ ਕਈ ਵਾਰ ਭਰਿਆ ਸੀ।

ਸਟੇਜ ਦੀ ਜ਼ਿੰਮੇਵਾਰੀ ਡਾ.ਸੰਦੀਪ ਕੌਰ ਨੇ ਨਿਭਾਈ। ਇਸ ਮੌਕੇ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਪ੍ਰੋ.ਡਾ.ਰਵੇਲ ਸਿੰਘ, ਪੰਜਾਬੀ ਸਾਹਿਤ ਸਭਾ ਦੀ ਮੁਖੀ ਪ੍ਰੋ.ਰੇਣੂਕਾ ਸਿੰਘ, ਡਾ.ਵਨੀਤਾ, ਨਾਟਕਕਾਰ ਵਰਿਆਮ ਮਸਤ, ਡਾ.ਹਰਵਿੰਦਰ ਸਿੰਘ, ਤਰਿੰਦਰ ਕੌਰ, ਅਮਨਦੀਪ ਸਿੰਘ ਤੇ ਹੋਰ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਰੋਜ਼ਾਨਾ ਸਪੋਕਸਮੈਨ
RozanaSpokesman.com